# ਦਫਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਮੇਅਰ ਸ਼ਿਵ ਸੂਦ ਨੇ ਰੇਲਵੇ ਰੋਡ ਦੇ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਦੀ ਜਾਣਕਾਰੀ ਸਬੰਧੀ ਕੀਤਾ ਦੋਰਾ।

## ਦੁਕਾਨਦਾਰਾਂ ਦੀਆਂ ਮੁਸ਼ਕਲਾ ਦੇ ਹੱਲ ਦਾ ਦਿੱਤਾ ਭਰੋਸਾ।

ਹੁਸ਼ਿਆਰਪੁਰ 21 ਸਤੰਬਰ ਰੇਲਵੇ ਰੋਡ ਹੁਸ਼ਿਆਰਪੁਰ ਦੇ ਦੁਕਾਨਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਰੇਲਵੇ ਰੋਡ ਦਾ ਦੋਰਾ ਕਰਕੇ ਦੁਕਾਨਦਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਹਨ੍ਹਾਂ ਦੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਦਰਾਂ ਕੀਤਾ। ਮੌਕੇ ਤੇ ਦੁਕਾਨਦਾਰਾਂ ਨੇ ਦਸਿੱਆ ਕਿ ਰੇਲਵੇ ਰੋਡ ਤੇ ਬਣੇ ਪਖਾਨੇ ਦੀ ਹਾਲਤ ਬਹੁਤ ਹੀ ਖਰਾਬ ਹੈ ਅਤੇ ਇਸ ਦਾ ਸੀਵਰੇਜ਼ ਵੀ ਖਰਾਬ ਹੋਣ ਕਾਰਲ ਸੜਕ ਤੇ ਗੰਦਾ ਪਾਣੀ ਖੜਾ ਰਹਿੰਦਾ ਹੈ। ਇਸ ਤੋਂ ਇਲਾਵਾ ਸੜਕ ਤੇ ਰਖੇ ਗਏ ਕੂੜਾਦਾਨ ਵਿੱਚ ਆਸ ਪਾਸ ਦੇ ਨਿਵਾਸੀਆਂ ਵੱਲੋਂ ਵੀ ਕੂੜਾ ਸੁਟੱਣ ਕਾਰਨ ਕਾਫੀ ਬਦਬੂ ਫੈਲ ਰਹੀ ਹੈ। ਦੁਕਾਨਦਾਰਾਂ ਨੇ ਹੋਰ ਦਸਿੱਆ ਕਿ ਰੇਲਵੇ ਰੋਡ ਵਿਖੇ ਪਾਵਰ ਕਾਰਪੋਰੇਸ਼ਨ ਵੱਲੋਂ ਅੰਡਰ ਗਰਾਊਂਡ ਬਿਜਲੀ ਦੀ ਕੇਬਲ ਪਾਉਣ ਕਾਰਨ ਸੜਕ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਇਸਨੂੰ ਜਲਦ ਹੀ ਮੁਰਮੰਤ ਕਰਵਾਇਆ ਜਾਵੇ।

ਮੇਅਰ ਸ਼ਿਵ ਸੂਦ ਨੇ ਮੌਕੇ ਤੇ ਹੀ ਸੈਨਟਰੀ ਵਿਭਾਗ ਦੀ ਸਬੰਧਤ ਅਧਿਕਾਰੀਆਂ ਨੂੰ ਫੋਨ ਤੇ ਸੀਵਰੇਜ਼ ਠੀਕ ਕਰਨ ਅਤੇ ਕੂੜੇ ਦੀ ਸਮਸਿੱਆ ਦਾ ਹੱਲ ਕਰਨ ਲਈ ਕਿਹਾ। ਉਹਨਾਂ ਦੁਕਾਰਨਦਾਰਾਂ ਨੂੰ ਭਰੋਸਾ ਦਵਾਇਆ ਕਿ ਪੁਰਾਣੇ ਪਖਾਨੇ ਦੀ ਜਗਾ ਤੇ ਨਵਾਂ ਆਧੁਨਿਕ ਪਖਾਨਾ ਜਲਦੀ ਹੀ ਬਣਾਇਆ ਜਾਵੇਗਾ।ਉਹਨ੍ਹਾਂ ਨੇ ਦਸਿੱਆ ਕਿ ਪਾਵਰ ਕਾਰਪੋਰੇਸ਼ਨ ਵੱਲੋਂ ਅੰਡਰ ਗਰਾਊਂਡ ਪਾਈ ਗਈ ਕੇਬਲ ਕਾਰਨ ਖਰਾਬ ਹੋਈ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ। ਰੇਲਵੇ ਰੋਡ ਦੇ ਦੁਕਾਨਦਾਰਾਂ ਨੇ ਮੇਅਰ ਸ਼ਿਵ ਸੂਦ ਵੱਲੋਂ ਉਹਨ੍ਹਾਂ ਦੀਆਂ ਮੰਗਾਂ ਸਬੰਧੀ ਭਰੋਸਾ ਦਵਾਉਣ ਤੇ ਉਹਨ੍ਹਾਂ ਦਾ ਧੰਨਵਾਦ ਕੀਤਾ।

ਸਾਬਕਾ ਕੋਂਸਲਰ ਸੰਜੀਵ ਦੂਆ, ਮੰਡਲ ਪ੍ਰਧਾਨ ਵਿਨੋਦ ਪਰਮਾਰ, ਕੋਂਸਲਰ ਨਿਪੁੰਨ ਸ਼ਰਮਾ, ਸੁਨੀਲ ਕੁਮਾਰ, ਮਿੰਟੂ, ਨੀਤਿਨ ਕੁਮਾਰ, ਤਰਸੇਮ ਲਾਲ, ਬਲਦੇਵ, ਰਾਜੂ, ਅਨੂਪ ਸੂਦ, ਹਰੀ ਰਾਮ, ਵੀ.ਆਰ.ਸ਼ਰਮਾ, ਮੋਹਨ ਸਿੰਘ ਸੋਹਲ, ਦਲਜੀਤ ਸਿੰਘ ਅਤੇ ਰੇਲਵੇ ਰੋਡ ਦੇ ਦੁਕਾਨਦਾਰ ਵੱਡੀ ਗਿਣਤੀ ਵਿੱਚ ਇਸ ਮੋਕੇ ਤੇ ਹਾਜਰ ਸਨ।